# ਮਾੱਡਲ ਟੈਸਟ ਪੇਪਰ

## ਵਿਸ਼ਾ- ਸੰਗੀਤ

## ਸ਼੍ਰੇਣੀ - ਬਾਰ੍ਹਵੀਂ(ਤਬਲਾ)

## ਸੈਸ਼ਨ – 2025-2026

ਸਮਾਂ - 3 ਘੰਟੇ ਕੁਲ ਅੰਕ-45

### ਭਾਗ - ੳ

1 ਤੋਂ 11 ਤੱਕ ਵਸਤੂਨਿਸ਼ਠ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ।

(ਕ) ਵਸਤੂਨਿਸ਼ਠ ਪ੍ਰਸ਼ਨ (ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ)

1. ਉਠਾਨ ਦਾ ਸ਼ਾਬਦਿਕ ਅਰਥ ਕੀ ਹੈ?
2. ਪੇਸ਼ਕਾਰ ਕਦੋਂ ਵਜਾਇਆ ਜਾਂਦਾ ਹੈ?
3. ਤਿਹਾਈ ਕਿੰਨੇ ਪ੍ਰਕਾਰ ਦੀ ਹੁੰਦੀ ਹੈ?
4. ਤਿਪੱਲੀ ਤੋਂ ਕੀ ਭਾਵ ਹੈ?
5. ਲੈਅ ਕਿੰਨੇ ਪ੍ਰਕਾਰ ਦੀ ਹੁੰਦੀ ਹੈ?
6. ਪਖਾਵਜ ਕਿਸ ਪ੍ਰਕਿਰਤੀ ਦਾ ਸਾਜ਼ ਹੈ?
7. ਰੂਪਕ ਤਾਲ ਦਾ ਦੂਜਾ ਵਿਭਾਗ ਕਿੰਨੀਆਂ ਮਾਤਰਾਵਾਂ ਦਾ ਹੁੰਦਾ ਹੈ?
8. ਝੱਪਤਾਲ ਕਿਸ ਖੰਡ ਦੀ ਤਾਲ ਹੈ?
9. ਦੀਪਚੰਦੀ ਕਿੰਨੀਆਂ ਮਾਤਰਾਵਾਂ ਦੀ ਤਾਲ ਹੈ?
10. ਇੱਕਤਾਲ ਕਿੰਨੀਆਂ ਮਾਤਰਾਵਾਂ ਦੀ ਤਾਲ ਹੈ?
11. ਤਬਲੇ ਦੇ ਕਿੰਨੇ ਭਾਗ ਹੁੰਦੇ ਹਨ? (11 X 1 = 11)

### ਭਾਗ - ਅ

12 ਤੋਂ 17 ਤੱਕ 6 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ।

12. ਤਾਲ ਦੇ ਕਿਸੀ ਦੋ ਪ੍ਰਾਣਾਂ ਬਾਰੇ ਲਿਖੋ।
13. ਰੇਲਾ ਬਾਰੇ ਸੰਖੇਪ ਵਿੱਚ ਲਿਖੋ।
14. ਤਾਲ ਨੂੰ ਬਣਾਉਣ ਦੇ ਕੋਈ ਦੋ ਸਿਧਾਂਤ ਲਿਖੋ।
15. ਦੀਪਚੰਦੀ ਤਾਲ ਦਾ ਪਰਿਚੈ ਲਿਖੋ।
16. ਇੱਕਤਾਲ ਦਾ ਪਰਿਚੈ ਲਿਖੋ।
17. ਧਮਾਰ ਤਾਲ ਦਾ ਪਰਿਚੈ ਲਿਖੋ। (6 X 2 = 12)

### ਭਾਗ – ੲ

18 ਤੋਂ 21 ਤੱਕ 4 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ।

18. ਪੇਸ਼ਕਾਰ ਬਾਰੇ ਲਿਖੋ ਅਤੇ ਕੋਈ ਇੱਕ ਤਿਹਾਈ ਲਿਖੋ।
19. ਨਗਮੇ ਤੋਂ ਕੀ ਭਾਵ ਹੈ, ਸੰਖੇਪ ਕਰਕੇ ਲਿਖੋ।
20. ਤਿੰਨਤਾਲ ਵਿੱਚ ਪੇਸ਼ਕਾਰ ਦੀ ਸੁਰਲਿਪੀ ਲਿਖੋ।
21. ਤਿੰਨਤਾਲ ਵਿੱਚ ਕੋਈ ਤਿੰਨ ਟੁਕੜੇ ਲਿਖੋ। (4 X 3 = 12)

### ਭਾਗ – ਸ

22 ਤੋਂ 23 ਤੱਕ 2 ਨਿਬੰਧਾਤਮਕ ਪ੍ਰਸ਼ਨ ਪੁੱਛੇ ਜਾਣਗੇ। ਇਨ੍ਹਾਂ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ ਦਿੱਤੀ ਜਾਵੇਗੀ।

22. ਉਸਤਾਦ ਲਕਸ਼ਮਣ ਸਿੰਘ ਸੀਨ ਜੀ ਦਾ ਜੀਵਨ ਪਰਿਚੈ ਲਿਖੋ।

    ਜਾਂ

    ਪੰਡਿਤ ਕੰਠੇ ਜੀ ਮਹਾਰਾਜ ਜੀ ਦਾ ਜੀਵਨ ਪਰਿਚੈ ਲਿਖੋ।

23. ਤਿੰਨਤਾਲ ਅਤੇ ਪੰਜਾਬੀ ਠੇਕਾ ਦੀ ਆਪਸੀ ਤੁਲਨਾ ਕਰੋ।

    ਜਾਂ

    ਤਿੰਨਤਾਲ ਵਿੱਚ ਨਗ਼ਮੇ ਦੀ ਸੁਰਲਿਪੀ ਲਿਖੋ। (2 X 5 = 10)